# ਪਿੱਠ-ਭੂਮੀ 4

ਤੁਰੰਤ ਜਾਰੀ ਕਰਨ ਹਿਤ — ਵਿੱਤ ਮੰਤਰਾਲਾ

2022FIN0005-000251

22 ਫ਼ਰਵਰੀ, 2022

**ਇਕੱਠੇ ਹੋ ਕੇ ਵੱਧ ਮਜ਼ਬੂਤ: 2022 ਆਰਥਕ ਅਤੇ ਮਾਲੀ ਦ੍ਰਿਸ਼**

ਬਜਟ 2022 ਲੋਕਾਂ ਦੀ ਜ਼ਿੰਦਗੀ ਨੂੰ ਅਜੋਕੇ ਸਮੇਂ ਅਤੇ ਭਵਿੱਖ ਵਿੱਚ ਬਿਹਤਰ ਬਣਾਉਣ ਲਈ ਨਿਵੇਸ਼ ਕਰਕੇ ਇੱਕ ਵਧੇਰੇ ਮਜ਼ਬੂਤ ਬੀ ਸੀ ਦਾ ਨਿਰਮਾਣ ਕਰਨ ਲਈ ਸਰਕਾਰ ਵੱਲੋਂ ਲਏ ਜਾ ਰਹੇ ਫੈਸਲਿਆਂ ਨੂੰ ਦਰਸਾਉਂਦਾ ਹੈ।

ਬਜਟ ਬਣਾਉਣ ਅਤੇ ਮਾਲੀ ਯੋਜਨਾਬੰਦੀ ਪ੍ਰਤੀ ਇੱਕ ਜ਼ਿੰਮੇਵਾਰ ਪਹੁੰਚ ਅਪਣਾ ਕੇ, ਸਰਕਾਰ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਅਤੇ ਭਾਈਚਾਰਿਆਂ ਨੂੰ ਰਲ ਕੇ ਕੋਵਿਡ-19 ਵਿੱਚੋਂ ਸੁਰੱਖਿਅਤ ਢੰਗ ਨਾਲ ਗੁਜ਼ਰਨ, ਜਲਵਾਯੂ ਅਨੁਸਾਰ ਢਲ ਸਕਣ ਵਾਲੇ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨ, ਅਤੇ ਭਵਿੱਖ ਦੀਆਂ ਚੁਣੌਤੀਆਂ-ਅਤੇ ਅਵਸਰਾਂ-ਲਈ ਮਿਲਜੁਲ ਕੇ ਤਿਆਰ ਹੋਣ ਵਿੱਚ ਮਦਦ ਕਰ ਰਹੀ ਹੈ।

ਬਜਟ 2022 ਵਿੱਚ 2021-22 ਲਈ $483 ਮਿਲੀਅਨ ਦੇ ਘਾਟੇ ਦੀ ਇੱਕ ਨਵੀਂ ਭਵਿੱਖਬਾਣੀ ਵੀ ਸ਼ਾਮਲ ਹੈ, ਜੋ ਕਿ ਬਜਟ 2021 ਵਿੱਚ ਪੇਸ਼ ਕੀਤੀ ਗਈ $9.7 ਬਿਲੀਅਨ ਦੇ ਅਨੁਮਾਨ ਨਾਲੋਂ ਘੱਟ ਹੈ। ਇਹ ਕਮੀ ਮੁੱਖ ਤੌਰ 'ਤੇ ਪਹਿਲਾਂ ਨਾਲੋਂ ਉੱਚ ਆਮਦਨੀ ਕਾਰਣ ਹੈ ਜਿਸ ਵਿੱਚ ਇੱਕੋ ਵਾਰ ਹੋਣ ਵਾਲੀਆਂ ਵੱਡੀਆਂ ਆਮਦਨੀਆਂ ਅਤੇ ਫ਼ੈਡਰਲ ਸਰਕਾਰ ਵੱਲੋਂ ਦਿੱਤੀਆਂ ਰਕਮਾਂ ਸ਼ਾਮਲ ਹੋਣ ਦੇ ਨਾਲ ਨਾਲ ਵਧੇਰੇ ਮਜ਼ਬੂਤ ਆਰਥਕ ਵਿਕਾਸ ਦੇ ਨਤੀਜੇ ਵੱਜੋਂ ਕੁਦਰਤੀ ਸੋਮਿਆਂ ਅਤੇ ਟੈਕਸ ਤੋਂ ਹੋਣ ਵਾਲੀ ਵਧੇਰੇ ਆਮਦਨੀ ਸ਼ਾਮਲ ਹੈ।

**ਆਰਥਕ ਮੁੱਖ ਅੰਸ਼**

- 2020 ਵਿੱਚ 3.4% ਦੀ ਕਮੀ ਤੋਂ ਬਾਅਦ, 2021 ਵਿੱਚ ਬੀ ਸੀ ਦੀ ਆਰਥਕਤਾ ਵਿੱਚ ਅੰਦਾਜ਼ਨ 5% ਦਾ ਵਾਧਾ ਹੋਇਆ ਅਤੇ ਇਸ ਦੇ 2022 ਵਿੱਚ 4% ਅਤੇ 2023 ਵਿੱਚ 2.5% ਵਧਣ ਦੀ ਭਵਿੱਖਬਾਣੀ ਕੀਤੀ ਗਈ ਹੈ।
- ਸਾਲ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਅਤੇ, ਨਵੰਬਰ 2021 ਤੱਕ ਬੀ ਸੀ ਵਿੱਚ 2020 ਦੇ ਇਸੇ ਸਮੇਂ ਦੇ ਮੁਕਾਬਲੇ ਪ੍ਰਚੂਨ ਵਿਕਰੀ ਵਿੱਚ 13.6% ਦਾ ਵਾਧਾ ਹੋਇਆ।
- ਨਵੰਬਰ 2021 ਵਿੱਚ ਭੋਜਨ ਨਾਲ ਸਬੰਧਤ ਸੇਵਾਵਾਂ ਅਤੇ ਸ਼ਰਾਬ ਪੀਣ ਵਾਲੀਆਂ ਥਾਵਾਂ ਵਿੱਚ ਹੋਣ ਵਾਲੀਆਂ ਵਿਕਰੀਆਂ ਮਹਾਮਾਰੀ ਤੋਂ ਪਹਿਲਾਂ ਦੇ ਪੱਧਰ ਨਾਲੋਂ 2.6 % ਵੱਧ ਸਨ। ਪ੍ਰੰਤੂ, ਮੋਟੇ ਤੌਰ 'ਤੇ ਬੀ ਸੀ ਵਿੱਚ ਸੈਰ-ਸਪਾਟੇ ਨਾਲ ਸਬੰਧਤ ਗਤੀਵਿਧੀਆਂ ਮਹਾਮਾਰੀ ਤੋਂ ਪਹਿਲਾਂ ਦੇ ਪੱਧਰਾਂ ਨਾਲੋਂ ਘੱਟ ਰਹੀਆਂ ਹਨ।
- ਬੀ ਸੀ ਦੀ ਰਿਹਾਇਸ਼ੀ ਮਾਰਕਿਟ ਅਤੇ ਰਿਹਾਇਸ਼ੀ ਉਸਾਰੀ ਦਾ ਖੇਤਰ 2021 ਵਿੱਚ ਵਿਕਰੀ ਦੇ ਆਕਾਰ, ਰਿਹਾਇਸ਼ਾਂ ਦੀ ਸ਼ੁਰੂਆਤ ਅਤੇ ਕੀਮਤਾਂ ਦੇ ਲਿਹਾਜ਼ ਨਾਲ ਰਿਕਾਰਡ ਪੱਧਰ ਤੱਕ ਵਧਿਆ।
  - 2020 ਦੇ ਮੁਕਾਬਲੇ 2021 ਵਿੱਚ ਘਰਾਂ ਦੀ ਵਿਕਰੀ ਦੀ ਦੀ ਗਿਣਤੀ ਵਿੱਚ 32.8% ਦਾ ਵਾਧਾ ਹੋਇਆ।
  - 2020 ਨਾਲੋਂ 2021 ਵਿੱਚ ਬੀ ਸੀ ਵਿੱਚ ਘਰਾਂ ਦੀ ਔਸਤ ਵਿਕਰੀ ਦੀ ਕੀਮਤ ਵਿੱਚ 18.7% ਤੱਕ ਦਾ ਵਾਧਾ ਹੋਇਆ, ਜਿਸ ਵਿਚ 2019 ਨਾਲੋਂ 2020 ਵਿੱਚ 11.6% ਦਾ ਵਾਧਾ ਹੋਇਆ ਸੀ।
  - ਨਵੇਂ ਬਣਨ ਵਾਲੇ ਘਰਾਂ ਦੀ ਗਿਣਤੀ 2021 ਵਿੱਚ 25.6% ਤੱਕ ਵੱਧ ਕੇ 47,607 ਯੂਨਿਟਾਂ ਦੇ ਰਿਕਾਰਡ ਪੱਧਰ ਤੱਕ ਪਹੁੰਚ ਗਈ।
- ਬੀ ਸੀ ਵਿੱਚ 2020 ਦੇ ਮੁਕਾਬਲੇ, 2021 ਵਿੱਚ 160,000 ਹੋਰ ਵਧੇਰੇ ਨੌਕਰੀਆਂ ਪੈਦਾ ਹੋਈਆਂ।
- 2021 ਵਿੱਚ ਬੀ ਸੀ ਦੀ ਬੇਰੁਜ਼ਗਾਰੀ ਦੀ ਦਰ ਔਸਤਨ 6.5% ਰਹੀ ਜੋ 2020 ਵਿਚਲੀ 8.9% ਨਾਲੋਂ ਘੱਟ ਸੀ। ਜਨਵਰੀ 2022 ਵਿੱਚ ਬੇਰੁਜ਼ਗਾਰੀ ਦੀ ਦਰ 5.1% ਸੀ ਜੋ ਕਿ ਮਹਾਮਾਰੀ ਤੋਂ ਪਹਿਲਾਂ ਦੇ ਪੱਧਰਾਂ ਨਾਲੋਂ 0.1 ਪ੍ਰਤੀਸ਼ਤ ਪੁਆਇੰਟ ਘੱਟ ਸੀ।
  - ਇਸਤਰੀਆਂ ਅਤੇ ਨੌਜਵਾਨਾਂ ਦੀ ਪ੍ਰਤੀਨਿਧਤਾ ਉਨ੍ਹਾਂ ਖੇਤਰਾਂ ਵਿੱਚ ਵੱਧ ਸੀ ਜਿਹੜੇ ਮਹਾਮਾਰੀ ਦੌਰਾਨ ਸਭ ਤੋਂ ਵੱਧ ਪ੍ਰਭਾਵਤ ਹੋਏ ਪਰ ਇਨ੍ਹਾਂ ਸਮੂਹਾਂ ਲਈ ਰੁਜ਼ਗਾਰ ਦੀ ਮੁੜ-ਬਹਾਲੀ ਹੋ ਗਈ ਹੈ।
  - ਮਹਾਮਾਰੀ ਦੇ ਸ਼ੁਰੂ ਹੋਣ ਤੋਂ ਲੈ ਕੇ, ਬੀ ਸੀ ਵਿੱਚ ਨਸਲ-ਅਧਾਰਤ ਲੋਕਾਂ ਨੇ ਗ਼ੈਰ-ਨਸਲ ਅਧਾਰਤ ਲੋਕਾਂ ਨਾਲੋਂ ਵਧੇਰੇ ਉੱਚੀਆਂ ਬੇਰੁਜ਼ਗਾਰੀ ਦੀਆਂ ਦਰਾਂ ਦਾ ਸਾਹਮਣਾ ਕੀਤਾ ਹੈ। ਪਰ ਇਹ ਪਾੜਾ ਹਾਲੀਆ ਮਹੀਨਿਆਂ ਦੌਰਾਨ ਵੱਡੀ ਹੱਦ ਤੱਕ ਭਰ ਗਿਆ ਹੈ।

## ਸੰਚਾਲਨ ਨਤੀਜੇ

- ਤੀਜੀ ਤਿਮਾਹੀ ਦੀ ਰਿਪੋਰਟ 2021-22 ਵਿੱਚ $483 ਮਿਲੀਅਨ ਦਾ ਸੰਚਾਲਨ ਘਾਟਾ ਦਰਸਾਉਂਦੀ ਹੈ ਜੋ ਨਵੰਬਰ 2021 ਵਿੱਚ ਰਿਪੋਰਟ ਕੀਤੇ ਗਏ ਦੂਜੀ ਤਿਮਾਹੀ ਦੇ ਅਨੁਮਾਨ ਨਾਲੋਂ $1.2 ਬਿਲੀਅਨ ਦੀ ਬਿਹਤਰੀ ਹੈ।
- ਮਾਲੀ ਯੋਜਨਾ ਦੌਰਾਨ, 2022-23 ਵਿੱਚ ਕੀਤੀ ਗਈ $68.6 ਬਿਲੀਅਨ ਦੀ ਕੁੱਲ ਆਮਦਨੀ ਦੀ ਭਵਿੱਖਬਾਣੀ 2024-25 ਵਿੱਚ ਵੱਧ ਕੇ $72.3 ਬਿਲੀਅਨ ਹੋ ਗਈ ਹੈ ਅਤੇ ਕੁੱਲ ਖ਼ਰਚਿਆਂ ਦੀ ਭਵਿੱਖਬਾਣੀ 2022-23 ਲਈ $73 ਬਿਲੀਅਨ ਤੋਂ ਵੱਧ ਕੇ 2024-25 ਵਿੱਚ $74.5 ਬਿਲੀਅਨ ਹੋ ਗਈ ਹੈ।
- ਬਜਟ 2022 ਦੀ ਤਿੰਨ ਸਾਲਾ ਮਾਲੀ ਯੋਜਨਾ ਘਾਟੇ ਵਿੱਚ ਹੋ ਰਹੀ ਕਮੀ ਨੂੰ ਦਰਸਾਉਂਦੀ ਹੈ ਜਿਸ ਮੁਤਾਬਕ 2022-23 ਵਿੱਚ $5.5 ਬਿਲੀਅਨ ਦਾ ਅਨੁਮਾਨ ਪੇਸ਼ ਕੀਤਾ ਗਿਆ ਹੈ, ਜਿਸ ਦਾ 2024-25 ਵਿੱਚ $3.2 ਬਿਲੀਅਨ ਤੱਕ ਘਟ ਜਾਣ ਦਾ ਅਨੁਮਾਨ ਹੈ।
- ਬਜਟ ਵਿੱਚ ਤਿੰਨ ਸਾਲਾ ਮਾਲੀ ਯੋਜਨਾ ਦੌਰਾਨ, $6.6 ਮਿਲੀਅਨ ਦੇ ਵਾਧੇ ਨਾਲ ਬੀ ਸੀ ਦੇ ਭਵਿੱਖ ਦਾ ਨਿਰਮਾਣ ਕਰਨ ਵਿੱਚ ਮਦਦ ਲਈ ਇੱਕ ਵਧੇਰੇ ਮਜ਼ਬੂਤ ਸਮਾਜ, ਆਰਥਕਤਾ ਅਤੇ ਵਾਤਾਵਰਣ ਦਾ ਨਿਰਮਾਣ ਕਰਨ ਵਿੱਚ ਸਹਾਇਤਾ ਮਿਲੇਗੀ।

## ਤਿਆਰ ਰਹਿਣਾ

- ਕੋਵਿਡ-19 ਅਤੇ ਜਲਵਾਯੂ-ਸਬੰਧਤ ਆਫ਼ਤਾਂ ਵਿੱਚ ਆਉਂਦੇ ਉਤਰਾਅ ਚੜ੍ਹਾਅ ਇੱਕ ਵੱਡੀ ਸਿਆਣਪ ਦੀ ਮੰਗ ਕਰਦੇ ਹਨ, ਜੋ ਬੀ ਸੀ ਦੀ ਮਾਲੀ ਯੋਜਨਾ ਵਿੱਚ ਸ਼ਾਮਲ ਹੈ:
  - 2022-23 ਵਿੱਚ ਮਹਾਮਾਰੀ ਅਤੇ ਆਰਥਕ ਮੁੜ-ਬਹਾਲੀ ਲਈ $2 ਬਿਲੀਅਨ ਦੀਆਂ ਅਚਨਚੇਤੀ ਖ਼ਰਚੇ ਲਈ ਰਕਮਾਂ ਅਤੇ 2023-24 ਵਿੱਚ ਮਹਾਮਾਰੀ ਨਾਲ ਸਬੰਧਤ ਸਿਹਤ ਅਤੇ ਆਰਥਕ ਮੁੜ ਬਹਾਲੀ ਦੇ ਅਲਪ-ਕਾਲਿਕ ਪ੍ਰੋਗਰਾਮਾਂ ਲਈ $1 ਬਿਲੀਅਨ। ਇਸ ਮਾਲੀ ਮਦਦ ਨਾਲ ਬੀ ਸੀ ਸਰਕਾਰ ਨੂੰ ਤੇਜ਼ੀ ਨਾਲ ਕਾਰਵਾਈ ਕਰਨ ਵਿੱਚ ਨਿਰੰਤਰ ਮਦਦ ਮਿਲੇਗੀ ਜੇਕਰ ਕਿਸੇ ਸੈਕਟਰ ਨੂੰ ਇਸ ਮਹਾਮਾਰੀ ਦੌਰਾਨ ਕਿਸੇ ਅਲਪ-ਕਾਲਿਕ ਸਹਾਇਤਾ ਦੀ ਲੋੜ ਪੈਂਦੀ ਹੈ।
  - ਅਗਲੇ ਤਿੰਨ ਸਾਲਾਂ ਦੌਰਾਨ, ਲਗਭਗ $10 ਬਿਲੀਅਨ ਅਚਨਚੇਤੀ ਖ਼ਰਚੇ ਲਈ ਲਈ ਮਾਲੀ ਮਦਦ ਦੇ ਰੂਪ ਵਿੱਚ ਰੱਖੇ ਗਏ ਹਨ, ਜਿਸ ਵਿੱਚ ਹੜ੍ਹਾਂ ਨਾਲ ਸਬੰਧਤ ਅੰਦਾਜ਼ਨ ਖਰਚੇ ਲਈ, ਜਨਤਕ ਖੇਤਰ ਵਿੱਚ ਤਨਖ਼ਾਹਾਂ ਸਬੰਧੀ ਵਿਚਾਰ ਵਟਾਂਦਰੇ ਲਈ ਅਤੇ ਹੋਰ ਅਣਕਿਆਸੇ ਖ਼ਰਚਿਆਂ ਲਈ ਰਕਮਾਂ ਰੱਖੀਆਂ ਗਈਆਂ ਹਨ।
  - ਆਮਦਨੀ ਵਿੱਚ ਆ ਸਕਣ ਵਾਲੀ ਅਸਥਿਰਤਾ ਤੋਂ ਸੁਰੱਖਿਅਤ ਰਹਿਣ ਲਈ ਸਾਲਾਨਾ ਭਵਿੱਖਬਾਣੀ ਵਿੱਚ ਮਾਲੀ ਯੋਜਨਾ ਦੇ ਹਰ ਵਰ੍ਹੇ ਦੌਰਾਨ $1 ਬਿਲੀਅਨ ਦੀਆਂ ਗੁੰਜਾਇਸ਼ਾਂ ਰੱਖੀਆਂ ਗਈਆਂ ਹਨ।
  - ਬੀ ਸੀ ਦੇ ਅਸਲ ਜੀ ਡੀ ਪੀ ਵਿਕਾਸ ਲਈ ਭਵਿੱਖਬਾਣੀ ਇਕੋਨੌਮਿਕ ਫੋਰਕਾਸਟ ਕਾਉਂਸਲ ਵੱਲੋਂ ਅਗਲੇ ਤਿੰਨ ਸਾਲਾਂ ਦੌਰਾਨ ਮੁਹੱਈਆ ਕਰਾਏ ਗਏ ਔਸਤ ਅੰਦਾਜ਼ੇ ਨਾਲੋਂ ਘੱਟ ਹੈ (2022, 2023 ਅਤੇ 2024 ਵਿੱਚ 0.2 ਪ੍ਰਤੀਸ਼ਤ ਪੁਆਇੰਟ ਘੱਟ)

## ਹੜ੍ਹਾਂ ਅਤੇ ਜੰਗਲੀ ਅੱਗਾਂ ਤੋਂ ਮੁੜ-ਬਹਾਲੀ

- ਬਜਟ 2022 ਵਿੱਚ ਮਾਲੀ ਯੋਜਨਾ ਦੌਰਾਨ, $1.5 ਬਿਲੀਅਨ ਤੋਂ ਵੱਧ ਨਿਰਧਾਰਤ ਕੀਤੇ ਗਏ ਹਨ ਤਾਂ ਕਿ ਹਾਲੀਆ ਅਤੇ ਭਵਿੱਖ ਦੀਆਂ ਜਲਵਾਯੂ-ਸਬੰਧਤ ਆਫ਼ਤਾਂ ਜਿਨ੍ਹਾਂ ਵਿੱਚ ਹੜ੍ਹ ਅਤੇ ਜੰਗਲੀ ਅੱਗਾਂ ਸ਼ਾਮਲ ਹਨ, ਤੋਂ ਹੋਏ ਨੁਕਸਾਨ ਦੀ ਬਿਹਤਰ ਢੰਗ ਨਾਲ ਮੁੜ-ਉਸਾਰੀ ਕਰਨ ਵਿੱਚ ਭਾਈਚਾਰਿਆਂ ਦੀ ਮਦਦ ਕੀਤੀ ਜਾ ਸਕੇ। ਇਸ ਵਿੱਚ ਸ਼ਾਮਲ ਹੈ:
  - ਆਫ਼ਤਾਂ ਪ੍ਰਤੀ ਚਲ ਰਹੀ ਕਾਰਵਾਈ ਅਤੇ ਆਰਥਕ ਮੁੜ-ਬਹਾਲੀ ਦੇ ਖ਼ਰਚਿਆਂ ਵਿੱਚ ਸਹਾਇਤਾ ਦੇਣ ਲਈ ਐਮਰਜੈਂਸੀ ਮੈਨੇਜਮੈਂਟ ਬੀ ਸੀ ਲਈ $400 ਮਿਲੀਅਨ, ਜਿਸ ਵਿੱਚ ਮਲਬਾ ਚੁੱਕਣਾ ਅਤੇ ਸਾਫ਼-ਸਫਾਈ ਸ਼ਾਮਲ ਹੈ।
  - ਵਾਧੂ ਖ਼ਰਚਿਆਂ ਨੂੰ ਪੂਰਾ ਕਰਨ ਲਈ ਜਨਰਲ ਪ੍ਰੋਗਰਾਮਾਂ ਅਧੀਨ ਅਚਨਚੇਤੀ ਖ਼ਰਚੇ ਲਈ $1.1 ਬਿਲੀਅਨ।
  - ਇਸ ਤੋਂ ਇਲਾਵਾ, ਸੂਬਾਈ ਜਨਤਕ ਖੇਤਰ ਦੀਆਂ ਇਮਾਰਤਾਂ ਨੂੰ ਹੋਏ ਨੁਕਸਾਨ ਦੀ ਮੁਰੰਮਤ ਲਈ ਪੂੰਜੀਗਤ ਖ਼ਰਚਿਆਂ ਲਈ $100 ਮਿਲੀਅਨ ਮੁਹੱਈਆ ਕਰਾਏ ਗਏ ਹਨ।
- ਇਹ ਸਾਰੀਆਂ ਨਿਰਧਾਰਤ ਰਕਮਾਂ ਕੈਨੇਡਾ ਦੀ ਸਰਕਾਰ ਵੱਲੋਂ ਬੀ ਸੀ ਵਿੱਚ ਆਫ਼ਤਾਂ ਪ੍ਰਤੀ ਕਾਰਵਾਈ ਕਰਨ ਅਤੇ ਆਰਥਕ ਮੁੜ-ਬਹਾਲੀ ਦੀਆਂ ਕੋਸ਼ਿਸ਼ਾਂ ਵਿੱਚ ਮਦਦ ਦੇਣ ਲਈ ਖ਼ਰਚ ਕਰਨ ਵਾਸਤੇ ਦਿੱਤੀ ਗਈ $5 ਬਿਲੀਅਨ ਦੀ ਰਕਮ ਨਾਲੋਂ ਵੱਖਰੀਆਂ ਹਨ।

- ਸੂਬਾ ਸਰਕਾਰ ਹਾਲੀਆ ਹੜ੍ਹਾਂ ਤੋਂ ਜ਼ਰੂਰੀ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਦੀ ਹੱਦ ਦਾ ਮੁਲਾਂਕਣ ਕਰਨ ਲਈ ਅਤੇ ਭਵਿੱਖ ਦੀਆਂ ਘਟਨਾਵਾਂ ਪ੍ਰਤੀ ਸਥਿਤੀ ਅਨੁਸਾਰ ਢਲ ਸਕਣ ਦੀ ਸਮਰੱਥਾ ਵਿੱਚ ਵਾਧਾ ਕਰਨ ਲਈ ਪ੍ਰਭਾਵਤ ਹੋਏ ਭਾਈਚਾਰਿਆਂ ਅਤੇ ਵਸਨੀਕਾਂ ਨਾਲ ਸਹਿਯੋਗ ਕਰਨਾ ਜਾਰੀ ਰੱਖੇਗੀ।

**ਪੂੰਜੀਗਤ ਖ਼ਰਚੇ**

- ਸਕੂਲਾਂ, ਯੂਨੀਵਰਸਿਟੀਆਂ, ਹਸਪਤਾਲਾਂ, ਕਿਫ਼ਾਇਤੀ ਰਿਹਾਇਸ਼ਾਂ, ਮੁੱਖ ਮਾਰਗਾਂ, ਪੁਲਾਂ, ਰੈਪਿਡ ਟਰਾਂਜ਼ਿਟ ਅਤੇ ਕਰਦਾਤਿਆਂ ਵੱਲੋਂ ਸਹਾਇਤਾ ਪ੍ਰਾਪਤ ਹੋਰ ਬੁਨਿਆਦੀ ਢਾਂਚੇ ਵਿੱਚ ਕੀਤੇ ਗਏ ਨਵੇਂ ਨਿਵੇਸ਼ਾਂ ਨਾਲ ਲੋਕਾਂ ਅਤੇ ਭਾਈਚਾਰਿਆਂ ਨੂੰ ਪਿਛਲੇ ਦੋ ਸਾਲਾਂ ਦੌਰਾਨ ਹੋਏ ਨੁਕਸਾਨ ਤੋਂ ਉਭਰਨ ਵਿੱਚ ਅਤੇ ਇੱਕ ਸ਼ੁੱਧ ਅਤੇ ਸਮਾਵੇਸ਼ੀ ਆਰਥਕਤਾ ਦੇ ਅਵਸਰਾਂ ਦਾ ਲਾਭ ਉਠਾਉਣ ਵਿੱਚ ਮਦਦ ਮਿਲੇਗੀ।
- ਇਨ੍ਹਾਂ ਨਿਵੇਸ਼ਾਂ ਨਾਲ ਪੂਰੇ ਸੂਬੇ ਵਿਚਲੇ ਭਾਈਚਾਰਿਆਂ ਵਿੱਚ ਇੱਕ ਮਜ਼ਬੂਤ ਅਤੇ ਸਥਿਰ ਆਰਥਕਤਾ ਵਿੱਚ ਯੋਗਦਾਨ ਦੇਣ ਲਈ 100,000 ਨੌਕਰੀਆਂ ਪੈਦਾ ਹੋਣ ਵਿੱਚ ਵੀ ਸਹਾਇਤਾ ਮਿਲੇਗੀ।
- ਕਰਦਾਤਿਆਂ ਵੱਲੋਂ ਸਹਾਇਤਾ ਪ੍ਰਾਪਤ ਪੂੰਜੀਗਤ ਖ਼ਰਚਿਆਂ ਦੇ ਰਿਕਾਰਡ ਪੱਧਰ ਤੱਕ ਵੱਧ ਜਾਣ ਦਾ ਅਨੁਮਾਨ ਹੈ, ਜੋ ਮਾਲੀ ਯੋਜਨਾ ਦੌਰਾਨ ਕੁੱਲ ਮਿਲਾ ਕੇ $27.4 ਬਿਲੀਅਨ ਹੋ ਜਾਣਗੇ ਜੋ ਬਜਟ 2021 ਦੀ ਤਿੰਨ ਸਾਲਾ ਯੋਜਨਾ ਨਾਲੋਂ $1.1 ਬਿਲੀਅਨ ਦਾ ਵਾਧਾ ਹੈ।

**ਕਰਜ਼ਿਆਂ ਦਾ ਪੱਧਰ**

- 2021-22 ਦੇ ਮਾਲੀ ਸਾਲ ਦੇ ਅੰਤ 'ਤੇ, ਬੀ ਸੀ ਦੇ ਕਰਦਾਤਿਆਂ ਵੱਲੋਂ ਸਹਾਇਤਾ ਪ੍ਰਾਪਤ ਕਰਜ਼ੇ $61.7 ਬਿਲੀਅਨ ਹੋਣ ਦਾ ਅਨੁਮਾਨ ਹੈ ਜੋ ਉਸ ਨਾਲੋਂ ਲਗਭਗ $10 ਬਿਲੀਅਨ ਘੱਟ ਹੈ ਜਿਸ ਦੀ ਬਜਟ 2021 ਵਿੱਚ ਭਵਿੱਖਬਾਣੀ ਕੀਤੀ ਗਈ ਸੀ।
- 2024-25 ਦੇ ਅੰਤ ਤੱਕ ਕਰਜ਼ਾ ਵੱਧ ਕੇ $90.8 ਬਿਲੀਅਨ ਹੋ ਜਾਣ ਦੀ ਉਮੀਦ ਹੈ ਤਾਂ ਕਿ ਲੋੜੀਂਦੇ ਪੂੰਜੀਗਤ ਨਿਵੇਸ਼ਾਂ ਲਈ ਰਕਮ ਮੁਹੱਈਆ ਕਰਾਈ ਜਾ ਸਕੇ ਅਤੇ ਉਸ ਦੇ ਨਾਲ ਨਾਲ ਲੋਕਾਂ, ਕਾਰੋਬਾਰਾਂ ਅਤੇ ਭਾਈਚਾਰਿਆਂ ਲਈ ਲਗਾਤਾਰ ਮਦਦ ਨਿਸ਼ਚਿਤ ਕੀਤੀ ਜਾ ਸਕੇ ਜਦ ਕਿ ਸਰਕਾਰ ਬੀ ਸੀ ਲਈ ਇੱਕ ਮਜ਼ਬੂਤ ਆਰਥਕ ਮੁੜ-ਬਹਾਲੀ ਦਾ ਨਿਰਮਾਣ ਕਰ ਰਹੀ ਹੈ।
- ਕਰਦਾਤਿਆਂ ਵੱਲੋਂ ਸਹਾਇਤਾ ਪ੍ਰਾਪਤ ਕਰਜ਼ੇ ਅਤੇ ਜੀ ਡੀ ਪੀ ਦਾ ਅਨੁਪਾਤ. ਜੋ ਕ੍ਰੈਡਿਟ ਰੇਟਿੰਗ ਏਜੰਸੀਆਂ ਵੱਲੋਂ ਵਰਤਿਆ ਜਾਂਦਾ ਇੱਕ ਮੁੱਖ ਪੈਮਾਨਾ ਹੈ, ਮਾਲੀ ਯੋਜਨਾ ਦੇ ਹਰ ਵਰ੍ਹੇ ਦੌਰਾਨ 25% ਤੋਂ ਹੇਠਾਂ ਰਹੇਗਾ, ਜੋ 2024-2025 ਤੱਕ 22.8% ਤੱਕ ਪਹੁੰਚ ਜਾਏਗਾ।
- ਵਿਆਜ ਦੀਆਂ ਘੱਟ ਦਰਾਂ ਅਤੇ ਸੂਬਾ ਸਰਕਾਰ ਦੀ ਸ਼ਾਨਦਾਰ ਕ੍ਰੈਡਿਟ ਰੇਟਿੰਗ ਦੇ ਕਾਰਣ ਬੀ ਸੀ ਦਾ ਕਰਜ਼ਾ ਬਰਦਾਸ਼ਤ ਕੀਤੇ ਜਾਣ ਦੀ ਹੱਦ ਤੱਕ ਰਹੇਗਾ ਜਿਸ ਨਾਲ ਸਰਕਾਰ ਮੌਜੂਦਾ ਸਮੇਂ ਲੋਕਾਂ ਅਤੇ ਕਾਰੋਬਾਰਾਂ ਨੂੰ ਸਹਾਇਤਾ ਦੇਣ ਲਈ ਅਤੇ ਇੱਕ ਮਜ਼ਬੂਤ ਆਰਥਕ ਮੁੜ-ਬਹਾਲੀ ਨੂੰ ਉਤਸ਼ਾਹਤ ਕਰਨ ਲਈ ਨਿਵੇਸ਼ ਕਰ ਸਕੇਗੀ।
- ਇੰਟਰੈਸਟ ਬਾਈਟ, ਜੋ ਕਰਦਾਤਿਆਂ ਵੱਲੋਂ ਸਹਾਇਤਾ ਪ੍ਰਾਪਤ ਵਿਆਜ ਦੇ ਖ਼ਰਚਿਆਂ ਦੇ ਸੂਬਾਈ ਸਰਕਾਰ ਦੀ ਆਮਦਨੀ ਦੇ ਪ੍ਰਤੀਸ਼ਤ ਵੱਜੋਂ ਪ੍ਰਤੀਨਿਧਤਾ ਕਰਦੀ ਹੈ, 2022-23 ਵਿੱਚ ਤਿੰਨ ਸੈਂਟ ਪ੍ਰਤੀ ਡਾਲਰ ਹੋਣ ਨਾਲ ਇਤਿਹਾਸਿਕ ਤੌਰ 'ਤੇ ਘੱਟ ਰਹੇਗੀ।

ਜ਼ਿੰਮੇਵਾਰ ਮਾਲੀ ਪ੍ਰਬੰਧਨ ਸਰਕਾਰ ਲਈ ਇੱਕ ਤਰਜੀਹ ਹੈ ਤਾਂ ਕਿ ਲੋਕਾਂ ਨੂੰ ਉਹ ਸੇਵਾਵਾਂ, ਜਿੰਨ੍ਹਾਂ ਤੇ ਉਹ ਨਿਰਭਰ ਕਰਦੇ ਹਨ, ਨਿਰੰਤਰ ਮੁਹੱਈਆ ਕਰਾਈਆਂ ਜਾ ਸਕਣ ਅਤੇ ਹਰ ਕਿਸੇ ਲਈ ਇੱਕ ਵਧੇਰੇ ਮਜ਼ਬੂਤ ਵੇਧੇਰੇ ਨਿਆਂਪੂਰਣ ਭਵਿੱਖ ਦਾ ਨਿਰਮਾਣ ਕੀਤਾ ਜਾ ਸਕੇ।

ਕਿਉਂ ਜੋ ਕੋਵਿਡ-19 ਅਤੇ ਹੜ੍ਹਾਂ ਪ੍ਰਤੀ ਕਾਰਵਾਈ ਅਤੇ ਮੁੜ-ਬਹਾਲੀ ਲਈ ਅਸਥਾਈ ਮਾਲੀ ਮਦਦ ਦੀ ਹੁਣ ਲੋੜ ਨਹੀਂ ਰਹੀ, ਸੂਬਾ ਸਰਕਾਰ ਆਮਦਨੀ ਵਿੱਚ ਹੋਣ ਵਾਲੇ ਵਾਧੇ, ਜੋ ਹਰ ਬਜਟ ਸਾਈਕਲ ਲਈ ਉਪਲਬਧ ਹੁੰਦੇ ਹਨ, ਦੀਆਂ ਹੱਦਾਂ ਦੇ ਅੰਤਰਗਤ, ਖ਼ਰਚਿਆਂ ਨੂੰ ਵਧਾਉਣ ਦੀ ਪ੍ਰੰਪਰਾ ਵੱਲ ਪਰਤ ਆਏਗੀ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਸੰਪਰਕ
250 213-7724

---

ਬੀ ਸੀ ਦੀ ਸੂਬਾ ਸਰਕਾਰ ਨਾਲ news.gov.bc.ca/connect 'ਤੇ ਸੰਪਰਕ ਕਰੋ।